# ਂਜਾਬੀ ਨਾਟਕ ਦੇ ਸਫ਼ਰ ਵਿਚ ਇਕ ਮੀਲ-ਪੱਥਰ

## ਕਲਾ ਤੇ ਜ਼ਿੰਦਗੀ

ਗੁਰਸ਼ਰਨ ਸਿੰਘ



ਲਾ ਖੇਤਰ ਵਿਚ ਜਦੋਂ ਕੋਈ ਮਹੱਤਵਪੂਰਨ
ਾਰੀ ਹੁੰਦੀ ਹੈ ਤਾਂ ਉਸ ਦਾ ਆਲੋਚਨਾਤਮਕ
ਸ ਲੈਣਾ ਬਣਦਾ ਹੈ ਤਾਂ ਜੋ ਉਸ ਦੀਆਂ
ਤੀਆਂ ਅਤੇ ਅਪ੍ਰਾਪਤੀਆਂ ਦਾ ਸਹੀ ਜਾਇਜ਼ਾ
ਾ ਜਾ ਸਕੇ। ਪਿਛਲੇ ਸਮੇਂ ਇਹੋ ਜਿਹੀ ਇਕ
ਾਰੀ ਡਾ. ਹਰਚਰਨ ਸਿੰਘ ਦੀ ਲਿਖੀ ਅਤੇ
ਖਸ਼ ਲਾਟਾ ਦੀ ਨਿਰਦੇਸ਼ਿਤ ਕੀਤੀ ਆਵਾਜ਼
ੀ, ਵੀਡੀਓ ਅਤੇ ਮੰਚਨ ਕਲਾ ਦੀ ਮਿਲਵੀਂ
ਤ 'ਬੋਲੇ ਸੋ ਨਿਹਾਲ' ਹੈ। ਚਾਰ ਵਿਧਾਵਾਂ ਨੂੰ
ਕੇ ਇਸ ਪੇਸ਼ਕਾਰੀ ਨੂੰ ਡਿਜ਼ਾਈਨ ਕੀਤਾ
ਾ। ਨਿਸ਼ਾਨਾ ਸੀ ਕਿ ਸਿੱਖਾਂ ਦੇ 500-ਸਾਲਾ
ਹਾਸ ਨੂੰ ਦਰਸ਼ਕਾਂ ਅੱਗੇ ਪੇਸ਼ ਕੀਤਾ ਜਾਵੇ।
ਪੇਸ਼ਕਾਰੀ ਖਾਲਸਾ ਦੇ 300 ਸਾਲਾ
ਣਾ ਉਤਸਵ ਨੂੰ ਸਮਰਪਿਤ ਹੈ। ਪੰਜਾਬ
ਅਤੇ ਪੰਜਾਬ ਦੇ ਬਾਹਰ ਇਸ ਕਲਾਕ੍ਰਿਤ
ਾਂ ਪੇਸ਼ਕਾਰੀਆਂ ਬੈਂਕ ਆਫ ਪੰਜਾਬ ਵਲੋਂ
ਾਈਆਂ ਜਾ ਰਹੀਆਂ ਹਨ।

ੇ ਇਕ ਸ਼ਬਦ ਵਿਚ ਇਹ ਪੁੱਛਿਆ ਜਾਏ ਕਿ
ਹ ਕਿਰਤ ਆਪਣੇ ਨਿਸ਼ਾਨੇ ਵਿਚ ਕਾਮਯਾਬ
ਹੈ? ਤਾਂ ਇਸ ਦਾ ਜਵਾਬ ਹੋਵੇਗਾ ਕਿ ਇਹ
ਜਾਬ ਹੋਈ ਹੈ। ਇਸ ਦੇ ਨਾਲ ਹੀ ਅੱਗੋਂ
ਵਿਸ਼ਲੇਸ਼ਣ ਪੂਰੀ ਤਰ੍ਹਾਂ 'ਬਹੁਤ ਹੱਦ ਤਕ'
ੀਮਤ ਹੱਦ ਤਕ' ਵਰਤਣਾ ਹੋਵੇ ਤਾਂ ਸ਼ਬਦ
ਤ ਹੱਦ ਤਕ ਵਰਤਣਾ ਸਹੀ ਹੋਵੇਗਾ
ਕਿ ਇਸ ਦੀ ਸੀਮਾ ਹੀ ਇਹ ਮਿੱਥ ਲਈ
ਸੀ ਕਿ ਇਸ ਨੇ ਖਾਲਸੇ ਦੀ ਸ਼ਾਨ ਵਾਲਾ
ੀ ਪੇਸ਼ ਕਰਨਾ ਹੈ। ਕੋਈ ਕਿੰਤੂ ਨਹੀਂ ਕਰਨੇ
ਜ ਦੇ ਪ੍ਰਸੰਗ ਵਿਚ ਕਿਸੇ ਵੀ ਸਿਰਜਣਾਤਮਕ
ਤ ਦੇ ਜ਼ਰੂਰੀ ਅੰਸ਼ ਹੁੰਦੇ ਹਨ। ਇਸੇ ਤਰ੍ਹਾਂ
ਪੇਸ਼ਕਾਰੀ ਦੇਖ ਕੇ ਇਹ ਤਾਂ ਜ਼ਰੂਰ ਕਿਹਾ
ਕਦਾ ਹੈ ਕਿ ਮੈਨੂੰ ਸਿੱਖ ਹੋਣ ਉਤੇ ਮਾਣ ਹੈ
ਕਿਧਰੇ ਕਿਧਰੇ ਕੁਮੈਂਟਰੀ ਵਿਚ ਇਹ
ਨ ਵੀ ਆ ਸਕਦੀ ਸੀ ਕਿ ਮੈਂ ਇਸ ਮਾਣ

ਸਦਕਾ ਅੱਜ ਇਕ ਚੰਗਾ ਸਮਾਜ ਬਣਾਉਣ ਲਈ ਵਚਨਬੱਧ ਹਾਂ। ਇਹ ਗੱਲ ਗੈਰਹਾਜ਼ਰ ਸੀ। ਇਹ ਇਕ ਕਲਾ-ਕਿਰਤ ਹੈ। ਸਿਰਫ ਇਤਿਹਾਸ ਦਾ ਪਾਠ ਨਹੀਂ। ਹਰ ਇਕ ਕਲਾ-ਕਿਰਤ ਦਾ ਅੱਜ ਦੇ ਸੰਦਰਭ ਵਿਚ ਕੋਈ ਨਾ ਕੋਈ ਸੁਨੇਹਾ ਦੇਣਾ ਜ਼ਰੂਰ ਬਣਦਾ ਹੈ। ਇਸ ਕਲਾ-ਕਿਰਤ ਦੀ ਇਹੋ ਘਾਟ ਸੂਝਵਾਨ ਦਰਸ਼ਕਾਂ ਨੂੰ ਖਟਕਦੀ ਹੈ।

ਉਂਜ ਇਸ ਪੇਸ਼ਕਾਰੀ ਦੀ ਇਹ ਇਕ ਵੱਡੀ ਪ੍ਰਾਪਤੀ ਹੈ ਕਿ ਆਧੁਨਿਕ ਯੁੱਗ ਵਿਚ ਜਿਹੜੇ ਤਕਨੀਕੀ ਸਾਧਨ ਸਾਡੇ ਕੋਲ ਮੌਜੂਦ ਹਨ, ਉਨ੍ਹਾਂ ਦੀ ਯੋਗ ਵਰਤੋਂ ਕੀਤੀ ਗਈ ਹੈ। ਨਾਟਕ-ਕਲਾ ਅਤੇ ਸੰਗੀਤ ਦੀਆਂ ਸੰਭਾਵਨਾਵਾਂ ਨੂੰ ਬੜੀ ਸਫਲਤਾ ਨਾਲ ਪ੍ਰਭਾਵਸ਼ਾਲੀ ਅਤੇ ਸ਼ਕਤੀਸ਼ਾਲੀ ਤਰੀਕੇ ਨਾਲ ਵਰਤਿਆ ਗਿਆ ਹੈ। ਐਚ. ਐਮ. ਸਿੰਘ ਦੀਆਂ ਸੰਗੀਤ ਧੁਨਾਂ ਯਾਦਗਾਰੀ ਹਨ। ਦਰਸ਼ਕ ਬੜੀ ਥਾਂ ਅਸ਼ ਅਸ਼ ਕਰ ਉੱਠਦਾ ਹੈ। ਥੀਏਟਰ ਵਿਧਾ ਦੇ ਪ੍ਰਚਾਰ ਅਤੇ ਸੰਚਾਰ ਦੀਆਂ ਸੰਭਾਵਨਾਵਾਂ ਪੂਰੀ ਤਰ੍ਹਾਂ ਦ੍ਰਿਸ਼ਮਾਨ ਹੁੰਦੀਆਂ ਹਨ। ਲੇਖਕ, ਨਿਰਦੇਸ਼ਕ ਅਤੇ ਨਿਰਮਾਤਾ ਇਸ ਦੇ ਲਈ ਬਹੁਤ ਵਧਾਈ ਦੇ ਪਾਤਰ ਹਨ।

ਇਸ ਕਲਾ-ਕ੍ਰਿਤ ਨੂੰ, ਜਿਸ ਨੂੰ 'ਗਰੈਂਡ ਸ਼ੋਅ' ਦਾ ਦਰਜਾ ਦਿੱਤਾ ਜਾ ਸਕਦਾ ਹੈ, ਨਾਟਕ-ਕਲਾ ਦੀ ਕਸੌਟੀ ਉਤੇ ਵੀ ਪਰਖਣਾ ਜ਼ਰੂਰੀ ਹੈ। ਡਾ. ਹਰਚਰਨ ਸਿੰਘ ਸਾਡੇ ਸਾਰਿਆਂ ਨਾਲੋਂ ਪ੍ਰਮਾਣਿਤ ਨਾਟਕਕਾਰ ਹਨ। ਪਰ ਇਹ ਕਹਿਣਾ ਬਣਦਾ ਹੈ ਕਿ ਸਿਵਾਏ ਦੋ-ਤਿੰਨ ਥਾਂਵਾਂ ਦੇ ਬਾਕੀ ਸਕਰਿਪਟ ਵਿਚ ਚੰਗੇ ਨਾਟਕ ਵਾਲੀ ਉਹ ਸ਼ਕਤੀ ਨਹੀਂ, ਜੋ ਤੁਹਾਨੂੰ ਝੰਜੋੜ ਸਕੇ। ਇਹੋ ਜਿਹਾ ਇਕ ਦ੍ਰਿਸ਼ ਸੀ ਜਦੋਂ ਨਵਾਬ ਵਜ਼ੀਰ ਖਾਨ ਸੋਚ ਰਿਹਾ ਹੈ ਕਿ ਬੱਚਿਆਂ ਨੂੰ ਕਿਹੜੀ ਸਜ਼ਾ ਦਿੱਤੀ ਜਾਵੇ? ਨਵਾਬ ਮਲੇਰਕੋਟਲਾ ਅਤੇ ਕੱਟੜਪੰਥੀ ਮੌਲਾਨਾ ਦਾ ਤਕਰਾਰ ਨਾਟਕੀ ਸਥਿਤੀ ਉਸਾਰਦਾ ਹੈ। ਦਰਸ਼ਕਾਂ ਨੇ ਇਸ ਦਾ ਸੁਆਦ ਵੀ ਪੂਰੀ ਤਰ੍ਹਾਂ ਮਾਣਿਆ। ਜ਼ਫਰਨਾਮਾ ਵਾਲਾ ਦ੍ਰਿਸ਼ ਡਾ. ਹਰਚਰਨ ਸਿੰਘ ਸਿੰਘ ਹੋਰਾਂ ਦੇ ਇਸੇ ਨਾਂ ਦੇ ਨਾਟਕ ਵਿਚ ਬਹੁਤ ਸ਼ਕਤੀਸ਼ਾਲੀ ਹੈ, ਪਰ ਇਸ ਪੇਸ਼ਕਾਰੀ ਵਿਚ ਉਹਦੇ ਵਿਚ ਉਹ ਜਾਨ ਨਹੀਂ ਸੀ। ਇਥੇ ਹੀ ਇਹ ਨੁਕਤਾ ਉਭਰਦਾ ਹੈ ਕਿ ਇਹ ਪੇਸ਼ਕਾਰੀ ਕੁਝ ਚੋਣਵੇਂ ਨਾਟਕੀ ਦ੍ਰਿਸ਼ਾਂ ਨੂੰ ਪੂਰੀ ਤਰ੍ਹਾਂ ਮੰਚਣ ਕਰਦੀ ਹੈ ਅਤੇ ਬਾਕੀ ਇਤਿਹਾਸ ਕੁਮੈਂਟਰੀ ਅਤੇ ਸ਼ਬਦਾਂ-ਗੀਤਾਂ ਰਾਹੀਂ ਅੱਗੇ ਚਲਾਉਂਦੀ ਤਾਂ ਹੋਰ ਸ਼ਕਤੀਸ਼ਾਲੀ ਅਤੇ ਪ੍ਰਭਾਵਸ਼ਾਲੀ ਹੋਣ ਦੀ ਸੰਭਾਵਨਾ ਰੱਖਦੀ ਸੀ।

ਇਹੋ ਜਿਹੀ ਹੀ ਵੱਡੀ ਪੱਧਰ ਉਤੇ ਪੇਸ਼ਕਾਰੀ ਜੇ ਕਿਸੇ ਥੀਏਟਰ ਵਿਚ ਕਰਨੀ ਹੋਵੇ ਤਾਂ ਸੈਂਟਰ ਵਿਚ ਵੀਡੀਓ ਸਕਰੀਨ ਅਤੇ ਖੱਬੇ ਸੱਜੇ ਮੰਚਣ ਥੜ੍ਹੇ ਉਸਾਰ ਕੇ ਬੜੀ ਆਸਾਨੀ ਨਾਲ ਕੀਤੀ ਜਾ ਸਕਦੀ ਹੈ। ਬੰਗਾਲ, ਮਹਾਰਾਸ਼ਟਰ, ਕਰਨਾਟਕ ਵਿਚ ਇਹੋ ਜਿਹੀਆਂ ਪੇਸ਼ਕਾਰੀਆਂ ਹੁੰਦੀਆਂ ਹਨ। ਮਹਾਰਾਸ਼ਟਰ ਦੇ ਹੁਬਲੀ ਸ਼ਹਿਰ ਵਿਚ ਮੈਨੂੰ ਬੱਚਿਆਂ ਦਾ ਇਕ ਨਾਟਕ ਇਸੇ ਤਕਨੀਕ ਨਾਲ ਦੇਖਣ ਦਾ ਮੌਕਾ ਮਿਲਿਆ ਸੀ। 1951 ਵਿਚ ਤੇਰਾ ਸਿੰਘ ਚੰਨ ਦੇ ਗੀਤ ਨਾਟਕ 'ਅਮਰ ਪੰਜਾਬ' ਵਿਚ ਇਹ ਜੁਗਤ 'ਸ਼ੈਡੋ ਪਲੇਅ' ਵਿਚ ਵਰਤੀ ਗਈ ਸੀ। ਉਸ ਵੇਲੇ ਵੀਡੀਓ ਹਾਲੇ ਹੈ ਨਹੀਂ ਸੀ। ਪੰਜਾਬੀ ਨਾਟਕ ਵਿਚ ਇਸ ਜੁਗਤੀ ਲਈ ਹਰਬਖਸ਼ ਲਾਟਾ ਮੋਢੀ ਹੈ।

ਇਕ ਹੋਰ ਨੁਕਤੇ ਉਤੇ ਵੀ ਗੱਲ ਕਰਨੀ ਬਣਦੀ ਹੈ ਕਿ ਖਾਲਸਾ ਦੇ ਇਤਿਹਾਸ ਦੀ ਇਹ ਪੇਸ਼ਕਾਰੀ ਮਹਾਰਾਜਾ ਰਣਜੀਤ ਸਿੰਘ ਤਕ ਮਹਿਦੂਦ ਰਹਿਣੀ ਚਾਹੀਦੀ ਸੀ। ਬਾਅਦ ਦਾ ਇਤਿਹਾਸ ਨੈਸ਼ਨਲ ਮੂਵਮੈਂਟ ਵਿਚ ਸਿੱਖਾਂ ਦੀ ਦੇਣ ਦਾ ਹੈ। ਅੰਗਰੇਜ਼ ਤੋਂ ਆਜ਼ਾਦੀ ਦੀ ਲਹਿਰ ਵਿਚ ਸਿੱਖਾਂ ਦੀ ਹਾਂ-ਪੱਖੀ ਦੇਣ ਵੀ ਹੈ ਅਤੇ ਨਾਂਹ-ਪੱਖੀ ਵੀ ਹੈ। 1857 ਦਾ ਗ਼ਦਰ ਅਤੇ ਅੰਗਰੇਜ਼ਾਂ ਦੇ ਝੋਲੀਚੁੱਕ ਸਰਦਾਰਾਂ ਦੀ ਭੂਮਿਕਾ ਨਾਂਹ-ਪੱਖੀ ਮਿਸਾਲਾਂ ਹਨ। ਮਹਾਰਾਜਾ ਰਣਜੀਤ ਸਿੰਘ ਦੇ ਕਾਲ ਦੇ ਬਾਅਦ ਇਹ ਕੁਮੈਂਟਰੀ ਹੀ ਹੋਣੀ ਚਾਹੀਦੀ ਸੀ ਕਿ ਦੇਸ਼ ਭਗਤ ਸਿੱਖਾਂ ਨੇ ਜਿਨ੍ਹਾਂ ਵਿਚ ਬਾਬਾ ਰਾਮ ਸਿੰਘ, ਗ਼ਦਰੀ ਬਾਬੇ, ਬੱਬਰ ਅਕਾਲੀ, ਅਕਾਲੀ, ਕਰਤਾਰ ਸਿੰਘ ਸਰਾਭਾ, ਭਗਤ ਸਿੰਘ ਵਰਗੇ ਸੂਰਮੇ ਸ਼ਾਮਲ ਹਨ। ਆਪਣੀਆਂ ਰਵਾਇਤਾਂ ਅਤੇ ਪਰੰਪਰਾਵਾਂ ਅਨੁਸਾਰ ਕੁਰਬਾਨੀਆਂ ਦਿੱਤੀਆਂ ਅਤੇ ਉਹ ਅੱਜ ਦੇ ਹਿੰਦੋਸਤਾਨ ਵਿਚ ਇਕ ਚੰਗਾ ਸਮਾਜ ਬਣਾਉਣ ਵਿਚ ਆਪਣੀ ਭੂਮਿਕਾ ਨਿਭਾਉਣਗੇ। ਗੁਰੂ ਗੋਬਿੰਦ ਸਿੰਘ ਜੀ ਕੋਲੋਂ ਇਹੋ ਥਾਪੜਾ ਮੰਗਦੇ ਹਨ। 'ਦੇਹ ਸ਼ਿਵਾ ਬਰ ਮੋਹਿ' ਨਾਲ ਇਹ ਸ਼ਕਤੀਸ਼ਾਲੀ ਕਲਾ-ਕ੍ਰਿਤ ਖਤਮ ਹੁੰਦੀ ਹੈ। ਇਹ ਇਸੇ ਤਰ੍ਹਾਂ ਹੋਈ ਵੀ ਹੈ।

ਇਹ ਪੇਸ਼ਕਾਰੀ ਪੰਜਾਬੀ ਨਾਟ-ਕਲਾ ਲਈ ਨਵੇਂ ਦਿਸਹੱਦੇ ਦੀ ਸੂਚਕ ਹੈ। ਇਹ ਸੇਧ ਵੀ ਦਿੰਦੀ ਹੈ ਅਤੇ ਪ੍ਰੇਰਨਾ ਵੀ ਦਿੰਦੀ ਹੈ। ਇਹ ਪੰਜਾਬੀ ਨਾਟਕ ਦੇ ਸਫਰ ਵਿਚ ਇਕ ਮੀਲ-ਪੱਥਰ ਦਾ ਦਰਜਾ ਲੈਣ ਦਾ ਹੱਕ ਰੱਖਦੀ ਹੈ।